ਜਨਵਰੀ-ਅਪ੍ਰੈਲ 2024

ਜਿਲਦ-2
ਅੰਕ-1

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਮਹਿਮਾਨ ਸੰਪਾਦਕ

ਡਾ. ਸੰਦੀਪ ਸਿੰਘ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ***ਖੋਜਨਾਮਾ***

## ***ਜਿਲਦ-2***

***ਅੰਕ-1*** **(ਜਨਵਰੀ-ਅਪ੍ਰੈਲ 2024)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਮਹਿਮਾਨ ਸੰਪਾਦਕ

ਡਾ. ਸੰਦੀਪ ਸਿੰਘ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ




**ਪ੍ਰੋ. ਨਾਬਿਲਾ ਰਹਿਮਾਨ**

ਵਾਇਸ ਚਾਂਸਲਰ, ਯੂਨੀਵਰਸਿਟੀ ਆਫ ਝੰਗ
ਅਤੇ ਡਾਇਰੈਕਟਰ, ਇੰਸਟੀਚਿਊਟ ਆਫ
ਪੰਜਾਬੀ ਐਂਡ ਕਲਚਰਲ ਸਟੱਡੀ,
ਯੂਨੀਵਰਸਿਟੀ ਆਫ ਪੰਜਾਬ, ਲਾਹੌਰ,
ਪਾਕਿਸਤਾਨ।




**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**

ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿੰਕਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ
ਬਠਿੰਡਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**ਕੀਮਤ:- ਤੁਹਾਡਾ ਸਹਿਯੋਗ ਅਤੇ ਕੀਮਤੀ ਸੁਝਾਅ**

**ਵੈੱਬ:-khojnama.com**

**ਮੇਲ. Khojnamapb03@gmail.com**

**ਮੋ. +91 98776-61770**

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ,
ਪੰਜਾਬ (ਭਾਰਤ) ਵਿਖੇ ਹੀ ਵਿਚਾਰਨਯੋਗ ਹੋਵੇਗਾ।

# ਤਤਕਰਾ


| ਲੜੀ | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-iii |
| ❖ | **ਖੋਜ ਖੰਡ** | | |
| 1. | ਪਾਕਿਸਤਾਨੀ ਪੰਜਾਬੀ ਗ਼ਜ਼ਲ ਵਿੱਚ ਮੁਹਾਸਨ | ਡਾ. ਬਲਕਾਰ ਸਿੰਘ | 1-18 |
| 2 | ਪੰਜਾਬੀ ਹਾਇਕੂ ਕਾਵਿ ਵਿਚਲੇ ਪਰਵਾਸੀ ਸਰੋਕਾਰ: ਅਧਿਐਨ ਅਤੇ ਵਿਸ਼ਲੇਸ਼ਣ | ਡਾ. ਸਿਮਰਨਜੀਤ ਸਿੰਘ | 19-35 |
| 3 | ਨਿਆਇ ਦਰਸ਼ਨ ਵਿੱਚ ਤਰਕ ਪ੍ਰੰਪਰਾ | ਡਾ. ਗੁਰਨਾਮ ਸਿੰਘ | 36-50 |
| 4 | ਰਵਿੰਦਰ ਰਵੀ ਦੇ ਕਾਵਿ ਨਾਟਕ: ਨਾਟਕੀ ਜੁਗਤਾਂ ਅਤੇ ਰੰਗ ਮੰਚੀ ਸਰੋਕਾਰ | ਰਵਿੰਦਰ ਸਿੰਘ ਸੋਢੀ | 51-59 |
| 5 | ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਮਨੁੱਖੀ ਹੋਂਦ ਦੀ ਸਵੈ-ਪਛਾਣ ਦਾ ਪ੍ਰਵਚਨ | ਡਾ. ਸਵਰਨਜੀਤ ਕੌਰ | 60-67 |
| 6 | ਸਿਨੇਮਾ ਦੇ ਵਿਹਾਰਕ ਪਾਸਾਰ | ਪਰਗਟ ਸਿੰਘ | 68-80 |
| 7 | ਪੰਜਾਬੀ ਯੁਵਾ ਪਰਵਾਸ: ਸਮਾਜਿਕ-ਰਾਜਨੀਤਿਕ ਸਰੋਕਾਰ | ਅਜੇ ਕੁਮਾਰ | 81-88 |
| 8 | ਮੋਟਿਫ਼, ਮੋਟਿਫ਼ ਦੀ ਪ੍ਰਕਾਰ ਵੰਡ ਅਤੇ ਇਸਦੇ ਤੱਤ | ਜਗਮੀਤ ਹਰਫ਼ | 89-97 |
| ❖ | **ਸਾਹਿਤਕ ਖੰਡ** | | |
| 9 | ਕਹਾਣੀ-ਬੂਟ | ਅਰਵਿੰਦਰ ਕੌਰ ਧਾਲੀਵਾਲ | 98-105 |
| 10 | ਕਹਾਣੀ-ਭੇਦ | ਲਖਵਿੰਦਰ ਸਿੰਘ ਬਾਜਵਾ | 106-116 |
| 11 | ਗ਼ਜ਼ਲ | ਬੁਸ਼ਰਾ ਨਾਜ਼ | 117-120 |
| 12 | ਕਵਿਤਾਵਾਂ | ਵਿਰਕ ਪੁਸ਼ਪਿੰਦਰ | 121-128 |
| ❖ | **ਅਨੁਵਾਦ ਖੰਡ** | | |
| 13 | ਚੁਨਰੀ ਮੇਂ ਦਾਗ਼ (ਕਹਾਣੀ) | ਅਨੁਵਾਦ- ਰਾਜਿੰਦਰ ਬਿਮਲ | 129-136 |
| ❖ | **ਅਲਵਿਦਾ** | | |
| 14 | ਪਿਆਰੇ ਸੁਖਜੀਤ (ਮਾਛੀਵਾੜਾ) ਦੇ ਨਾਮ | ਪ੍ਰੋ. ਗੁਰਭਜਨ ਗਿੱਲ | 137 |
| 15 | ਮੁਹੱਬਤੀ ਹਵਾਵਾਂ ਦਾ ਸਿਰਨਾਵਾਂ ਸੀ: ਮੋਹਨਜੀਤ | ਪ੍ਰੋ. ਕ੍ਰਿਸ਼ਨ ਕੁਮਾਰ ਰੱਤੂ | 138-142 |

| ਲੜੀ | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਪੁਸਤਕ ਸਮੀਖਿਆ | | |
| 20 | ਐਲਿਸ ਇਨ ਫੰਡਰਲੈਂਡ) ਨਾਵਲ)-<br>ਦਵਿੰਦਰ ਸਿੰਘ ਗਿੱਲ | ਸਮੀਖਿਆ<br>ਡਾ. ਭੁਪਿੰਦਰ ਕੌਰ | 143-144 |
| 21 | ਹੱਥਾਂ 'ਚੋਂ ਕਿਰਦੀ ਰੇਤ (ਕਹਾਣੀ ਸੰਗ੍ਰਹਿ)-<br>ਰਵਿੰਦਰ ਸਿੰਘ ਸੋਢੀ | ਸਮੀਖਿਆ<br>ਨਵ ਸੰਗੀਤ ਸਿੰਘ | 145-148 |
| | | | |

# ਸੰਪਾਦਕੀ

ਇਹ ਖੋਜਨਾਮਾ ਦੀ ਦੂਜੀ ਜਿਲਦ ਦਾ ਪਹਿਲਾ ਅੰਕ ਹੈ। ਬਤੌਰ ਸੰਪਾਦਕ ਇਹ ਗੱਲ ਸਾਂਝਾ ਕਰਦਿਆਂ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਖੋਜਨਾਮਾ ਦੀ ਪਹਿਲੀ ਜਿਲਦ ਦੇ ਦੋਹਾਂ ਅੰਕਾਂ ਕ੍ਰਮਵਾਰ ਮਈ-ਅਗਸਤ 2023 ਅਤੇ ਸਤੰਬਰ-ਦਸੰਬਰ 2023 ਨੇ ਸਾਹਿਤਕ ਅਤੇ ਖੋਜ ਖੇਤਰ ਵਿੱਚ ਆਪਣਾ ਨਾਂ ਬਣਾਉਦਿਆਂ ਉਸਾਰੂ ਚਰਚਾ ਛੇੜੀ ਹੈ। ਖੋਜਨਾਮਾ ਦੇ ਪਹਿਲੇ ਦੋਹਾਂ ਅੰਕਾਂ ਦੀ ਸਾਹਿਤਕ ਪ੍ਰੇਮੀਆਂ, ਖੋਜੀਆਂ ਅਤੇ ਵਿਦਵਾਨਾਂ ਨੇ ਭਰਪੂਰ ਸ਼ਲਾਘਾ ਕੀਤੀ ਹੈ। ਹੱਥਲੇ ਅੰਕ ਨੂੰ ਤਿਆਰ ਕਰਨ ਸਮੇਂ ਖੋਜਨਾਮਾ ਦੀ ਸਮੁੱਚੀ ਟੀਮ ਨੇ ਪਹਿਲਾਂ ਨਾਲੋਂ ਵੀ ਵਧੇਰੇ ਮਿਹਨਤ, ਸਿਦਕ ਅਤੇ ਲਗਨ ਨਾਲ ਕੰਮ ਕੀਤਾ ਹੈ।

ਇਸ ਅੰਕ ਨੂੰ ਕ੍ਰਮਵਾਰ ਖੋਜ ਖੰਡ, ਸਾਹਿਤਕ ਖੰਡ, ਅਨੁਵਾਦ ਖੰਡ, ਅਲਵਿਦਾ ਅਤੇ ਪੁਸਤਕ ਸਮੀਖਿਆ ਕੁੱਲ ਪੰਜ ਖੰਡਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਖੰਡ ਵਿੱਚ ਕੁੱਲ ਅੱਠ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ, ਇਨ੍ਹਾਂ ਅੱਠਾਂ ਖੋਜ ਪੱਤਰਾਂ ਵਿੱਚੋਂ ਪੰਜ ਸਥਾਪਿਤ ਵਿਦਵਾਨਾਂ ਅਤੇ ਤਿੰਨ ਖੋਜਾਰਥੀਆਂ ਦੇ ਖੋਜ ਪੱਤਰ ਹਨ। ਪਹਿਲਾ ਖੋਜ ਪੱਤਰ ਡਾ. ਬਲਕਾਰ ਸਿੰਘ ਦਾ ਹੈ, ਜਿਸ ਵਿੱਚ 'ਪਾਕਿਸਤਾਨੀ ਪੰਜਾਬੀ ਗ਼ਜ਼ਲ ਵਿੱਚ ਮੁਹਾਸਨ' ਸਿਰਲੇਖ ਅਧੀਨ ਪਾਕਿਸਤਾਨੀ ਪੰਜਾਬੀ ਗ਼ਜ਼ਲ ਦੀਆਂ ਈਰਦ–ਉਲ–ਮਿਸਲ (ਮੁਹਾਵਰਾਬੰਦੀ), ਮੁਸਾਵਾਤ, ਇਜਾਜ਼ (ਸੰਖੇਪਤਾ), ਇਤਨਾਬ, ਮੁਕੱਦਰ, ਤਕਰਾਰ ਲਫ਼ਜ਼ੀ, ਤਲਮੀਹ, ਤਜ਼ਾਦ (ਵਿਰੋਧਾਭਾਸ), ਇਰੁਸ਼ਾਦ, ਮਦਾਹ ਸ਼ਬੀਹ, ਹਜਵ ਮਲੀਹ, ਮੁਬਾਲਿਗਾ, ਲਿਫ–ਨਸ਼ਰ, ਜੱਮਅ, ਤਸੱਵੁਫ਼, ਮੰਜਰ ਨਿਗਾਰੀ, ਬਲਾਗ਼ਤ, ਤਮਸੀਲ, ਆਦਿ ਖ਼ੂਬੀਆਂ ਬਾਰੇ ਨਿੱਠ ਕੇ ਚਰਚਾ ਕੀਤੀ ਗਈ ਹੈ। ਦੂਜਾ ਖੋਜ ਪੱਤਰ ਡਾ. ਸਿਮਰਨਜੀਤ ਸਿੰਘ ਦਾ ਹੈ, ਜਿਸ ਵਿੱਚ 'ਪੰਜਾਬੀ ਹਾਇਕੂ ਕਾਵਿ ਵਿਚਲੇ ਪਰਵਾਸੀ ਸਰੋਕਾਰ: ਅਧਿਐਨ ਅਤੇ ਵਿਸ਼ਲੇਸ਼ਣ' ਸਿਰਲੇਖ ਅਧੀਨ ਪਰਵਾਸੀ ਪੰਜਾਬੀ ਕਵਿਤਾ ਦੇ ਹਵਾਲੇ ਨਾਲ ਪਰਵਾਸੀ ਹਾਇਕੂ ਕਾਵਿ ਬਾਰੇ ਚਰਚਾ ਕਰਦਿਆਂ, ਇਹ ਨਤੀਜਾ ਕੱਢਿਆ ਹੈ ਕਿ ਪਰਵਾਸੀ ਹਾਇਕੂ ਕਾਵਿ ਨੇ ਪਰਵਾਸੀ ਪੰਜਾਬੀ ਕਵਿਤਾ ਦੇ ਮੁਕਾਬਲੇ ਅਨੇਕਾਂ ਨਵੇਂ ਸਰੋਕਾਰਾਂ ਨੂੰ ਛੋਹਿਆ ਹੈ ਅਤੇ ਭਵਿੱਖ ਵਿੱਚ ਹਾਇਕੂ ਕਾਵਿ ਦੇ ਹੋਰ ਵਿਕਾਸ ਕੀਤੇ ਜਾਣ ਦੀ ਉਮੀਦ ਹੈ। ਤੀਜਾ ਖੋਜ ਪੱਤਰ ਡਾ. ਗੁਰਨਾਮ ਸਿੰਘ ਦਾ ਹੈ, ਜਿਸ ਵਿੱਚ 'ਨਿਆਇ ਦਰਸ਼ਨ ਵਿੱਚ ਤਰਕ ਪ੍ਰੰਪਰਾ' ਸਿਰਲੇਖ ਅਧੀਨ ਭਾਰਤੀ ਖਟ ਦਰਸ਼ਨ ਪਰੰਪਰਾ ਅੰਦਰ

ਤੀਜੇ ਮਹੱਤਵਪੂਰਨ ਦਰਸ਼ਨ ਤਰਕ ਸ਼ਾਸ਼ਤਰ ਬਾਰੇ ਵਿਸਥਾਰਪੂਰਵਕ ਚਰਚਾ ਕਰਦਿਆਂ, ਅਜੋਕੇ ਦੌਰ ਵਿੱਚ ਇਸਦੀ ਲੋੜ ਅਤੇ ਮੱਹਤਤਾ ਨੂੰ ਸਪੱਸ਼ਟ ਕੀਤਾ ਗਿਆ ਹੈ। ਚੌਥਾ ਪਰਚਾ ਰਵਿੰਦਰ ਸਿੰਘ ਸੋਢੀ ਦਾ ਹੈ, ਜਿਸ ਵਿੱਚ 'ਰਵਿੰਦਰ ਰਵੀ ਦੇ ਕਾਵਿ ਨਾਟਕ: ਨਾਟਕੀ ਜੁਗਤਾਂ ਅਤੇ ਰੰਗ ਮੰਚੀ ਸਰੋਕਾਰ' ਸਿਰਲੇਖ ਅਧੀਨ ਰਵਿੰਦਰ ਰਵੀ ਦੁਆਰਾ ਆਪਣੇ ਕਾਵਿ ਨਾਟਕਾਂ ਦੀ ਸਫ਼ਲ ਮੰਚੀ ਪੇਸ਼ਕਾਰੀ ਲਈ ਵਰਤੀਆਂ ਗਈਆਂ ਵੱਖ-ਵੱਖ ਨਾਟ ਜੁਗਤਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ। ਪੰਜਵਾਂ ਖੋਜ ਪੱਤਰ ਡਾ. ਸਵਰਨਜੀਤ ਕੌਰ ਵੱਲੋਂ ਲਿਖਿਆ ਗਿਆ ਹੈ। ਜਿਸ ਵਿੱਚ 'ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਮਨੁੱਖੀ ਹੋਂਦ ਦੀ ਸਵੈ-ਪਛਾਣ ਦਾ ਪ੍ਰਵਚਨ' ਸਿਰਲੇਖ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਦਾਰਸ਼ਨਿਕ ਪਰਿਪੇਖ ਦੇ ਸੰਦਰਭ ਵਿੱਚ ਮਨੁੱਖੀ ਹੋਂਦ ਦੀ ਪਛਾਣ ਅਤੇ ਸਵਾਲ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਛੇਵਾਂ ਖੋਜ ਪੱਤਰ ਪਰਗਟ ਸਿੰਘ ਦਾ ਹੈ। ਜਿਸ ਵਿੱਚ 'ਸਿਨੇਮਾ ਦੇ ਵਿਹਾਰਕ ਪਾਸਾਰ' ਸਿਰਲੇਖ ਅਧੀਨ ਸਿਨੇਮਾ ਵਿੱਚ ਫ਼ਿਲਮ ਨਿਰਮਾਣ ਦੇ ਅਹਿਮ ਪੜਾਵਾਂ ਬਾਰੇ ਚਰਚਾ ਕਰਦਿਆਂ ਮਹੱਤਵਪੂਰਨ ਨੁਕਤਿਆਂ ਨੂੰ ਉਭਾਰਿਆ ਗਿਆ ਹੈ। ਸੱਤਵਾਂ ਖੋਜ ਪੱਤਰ ਅਜੇ ਕੁਮਾਰ ਦੁਆਰਾ ਲਿਖਿਆ ਗਿਆ ਹੈ, ਜਿਸ ਵਿੱਚ 'ਪੰਜਾਬੀ ਯੁਵਾ ਪਰਵਾਸ: ਸਮਾਜਿਕ-ਰਾਜਨੀਤਿਕ ਸਰੋਕਾਰ' ਸਿਰਲੇਖ ਅਧੀਨ ਪੰਜਾਬ ਦੇ ਨੌਜਵਾਨਾਂ ਦੇ ਪਰਵਾਸ ਲਈ ਜ਼ਿੰਮੇਵਾਰ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਆਦਿ ਅਹਿਮ ਮਸਲਿਆਂ ਬਾਰੇ ਚਰਚਾ ਕੀਤੀ ਗਈ ਹੈ। ਅੱਠਵਾਂ ਖੋਜ ਪੱਤਰ ਜਗਮੀਤ ਹਰਫ਼ ਦੁਆਰਾ ਲਿਖਿਆ ਗਿਆ ਹੈ। ਜਿਸ ਵਿੱਚ 'ਮੋਟਿਫ਼, ਮੋਟਿਫ਼ ਦੀ ਪ੍ਰਕਾਰ ਵੰਡ ਅਤੇ ਇਸਦੇ ਤੱਤ' ਸਿਰਲੇਖ ਅਧੀਨ ਬਿਰਤਾਂਤ ਰਚਨਾ ਦੇ ਸਭ ਤੋਂ ਛੋਟੇ ਟੁੱਕੜੇ ਮੋਟਿਫ਼ ਨੂੰ ਇੱਕਵੀਂ ਸਦੀ ਦੀ ਗ਼ਜ਼ਲ ਦੇ ਸੰਦਰਭ ਵਿੱਚ ਵਿਚਾਰਿਆ ਗਿਆ ਹੈ।

ਦੂਜੇ ਭਾਗ 'ਸਾਹਿਤਕ ਖੰਡ' ਵਿੱਚ ਮੌਲਿਕ ਕਹਾਣੀਆਂ ਅਤੇ ਗਜ਼ਲਾਂ/ਕਵਿਤਾਵਾਂ ਨੂੰ ਛਾਪਿਆ ਗਿਆ ਹੈ। ਪਹਿਲੀ ਮੌਲਿਕ ਕਹਾਣੀ ਪ੍ਰਸਿੱਧ ਪੰਜਾਬੀ ਕਹਾਣੀਕਾਰਾ ਰਵਿੰਦਰ ਕੌਰ ਧਾਲੀਵਾਲ ਦੀ 'ਬੂਟ' ਹੈ ਅਤੇ ਦੂਜੀ ਮੌਲਿਕ ਕਹਾਣੀ ਲਖਵਿੰਦਰ ਸਿੰਘ ਰਚਿਤ 'ਭੇਦ' ਹੈ। ਇਸੇ ਖੰਡ ਵਿੱਚ ਕ੍ਰਮਵਾਰ ਪ੍ਰਸਿੱਧ ਪਾਕਿਸਤਾਨੀ ਸ਼ਾਇਰਾ ਬੁਸ਼ਰਾ ਨਾਜ਼ ਦੀਆਂ ਚਾਰ ਗ਼ਜ਼ਲਾਂ ਅਤੇ ਉਭਰਦੀ ਪੰਜਾਬੀ ਕਵਿਤਰੀ ਵਿਰਕ ਪੁਸ਼ਪਿੰਦਰ ਦੀਆਂ ਤਿੰਨ ਕਵਿਤਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਤੀਜੇ ਭਾਗ 'ਅਨੁਵਾਦ ਖੰਡ' ਵਿੱਚ ਪ੍ਰਸਿੱਧ ਹਿੰਦੀ ਕਹਾਣੀਕਾਰ ਰਾਜੇਂਦਰ ਸ਼੍ਰੀਵਾਸਤਵ ਦੀ ਰਾਜਿੰਦਰ ਬਿਮਲ ਦੁਆਰਾ ਅਨੁਵਾਦਿਤ ਕੀਤੀ ਗਈ ਕਹਾਣੀ 'ਚੁਨਰੀ ਮੇਂ ਦਾਗ' ਸਿਰਲੇਖ ਅਧੀਨ ਪ੍ਰਕਾਸ਼ਿਤ ਕੀਤੀ ਗਈ ਹੈ।

ਚੌਥੇ ਭਾਗ 'ਅਲਵਿਦਾ' ਵਿੱਚ ਇਸ ਫ਼ਾਨੀ ਜਹਾਨ ਤੋਂ ਹਾਲ ਹੀ ਵਿੱਚ ਰੁਖ਼ਸਤ ਹੋਏ ਸਾਹਿਤ ਅਕਦਾਮੀ ਪੁਰਸਕਾਰ ਜੇਤੂ ਪੰਜਾਬੀ ਪ੍ਰਸਿੱਧ ਕਹਾਣੀਕਾਰ ਸੁਖਜੀਤ ਨੂੰ ਸਮਰਪਿਤ ਗੁਰਭਜਨ ਗਿੱਲ ਦੀ ਗ਼ਜ਼ਲ ਅਤੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਵੀ ਮੋਹਨਜੀਤ ਬਾਰੇ ਲਿਖੇ ਪ੍ਰੋ. ਕ੍ਰਿਸ਼ਨ ਕੁਮਾਰ ਰੱਤੂ ਦੇ ਲੇਖ ਨੂੰ ਸ਼ਾਮਿਲ ਕੀਤਾ ਗਿਆ ਹੈ।

ਅੰਤਿਮ ਅਤੇ ਪੰਜਵੇਂ ਭਾਗ 'ਪੁਸਤਕ ਸਮੀਖਿਆ' ਵਿੱਚ ਕ੍ਰਮਵਾਰ ਦਵਿੰਦਰ ਸਿੰਘ ਰਚਿਤ ਨਾਲਵ 'ਐਲਿਸ ਇਨ ਫੰਡਰਲੈਂਡ' ਅਤੇ ਰਵਿੰਦਰ ਸਿੰਘ ਸੋਢੀ ਰਚਿਤ ਕਹਾਣੀ ਸੰਗ੍ਰਹਿ 'ਹੱਥਾਂ 'ਚੋਂ ਕਿਰਦੀ ਰੇਤ' ਪੁਸਤਕਾਂ ਦੀ ਸਮੀਖਿਆ ਪ੍ਰਕਾਸ਼ਿਤ ਕੀਤੀ ਗਈ ਹੈ।

ਖੋਜਨਾਮਾ ਦਾ ਇਹ ਅੰਕ ਵੰਨਗੀ ਭਰਪੂਰ ਹੈ। ਨਿਸ਼ਚਿਤ ਹੀ ਖੋਜੀ ਅਤੇ ਸਾਹਿਤ ਰਸੀਏ ਇਸ ਅੰਕ ਦਾ ਭਰਪੂਰ ਲਾਹਾ ਲੈਣਗੇ। ਅਦਾਰਾ ਖੋਜਨਾਮਾ ਭਵਿੱਖ ਲਈ 'ਵਿਸ਼ੇਸ਼ ਅੰਕ' ਅਤੇ ਮਹੱਤਵਪੂਰਨ ਖੋਜ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਉਲੀਕੀ ਯੋਜਨਾ ਨੂੰ ਜਲਦ ਹੀ ਅਮਲੀ ਜਾਮਾ ਪਹਿਨਾਉਣ ਜਾ ਰਿਹਾ ਹੈ। ਇਸ ਲਈ ਵਿਦਵਾਨ ਸਾਥੀਆਂ ਤੋਂ 'ਵਿਸ਼ੇਸ਼ ਅੰਕਾਂ' ਅਤੇ ਹੋਰ ਮਹੱਤਵਪੂਰਨ ਅਲੋਚਨਾ ਪੁਸਤਕਾਂ ਲਈ ਕੀਤੇ ਜਾਣ ਵਾਲੇ ਕਾਰਜਾਂ ਲਈ ਸੁਝਾਵਾਂ ਦੀ ਮੰਗ ਕੀਤੀ ਜਾਂਦੀ ਹੈ। ਸਾਨੂੰ ਪੂਰਨ ਉਮੀਦ ਹੈ ਕਿ ਤੁਸੀਂ ਸਾਨੂੰ ਭਰਪੂਰ ਸਹਿਯੋਗ ਅਤੇ ਪਿਆਰ ਬਖ਼ਸ਼ੋਂਗੇ। ਅਦਾਰਾ ਖੋਜਨਾਮਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਖ਼ਿਦਮਤ ਕਰਦਾ ਹੋਇਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ।

ਇਸ ਅੰਕ ਵਿੱਚ ਜਿਨ੍ਹਾਂ ਵਿਦਵਾਨਾਂ, ਖੋਜੀਆਂ ਅਤੇ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਕੁੱਝ ਕਾਰਨਾਂ ਕਰਕੇ ਸ਼ਾਮਿਲ ਨਹੀਂ ਕਰ ਸਕੇ ਉਨ੍ਹਾਂ ਤੋਂ ਨਿਮਰਤਾ ਸਾਹਿਤ ਖਿਮਾਂ ਮੰਗਦੇ ਹਾਂ। 'ਖੋਜਨਾਮਾ' ਦੀ ਦੂਜੀ ਜਿਲਦ ਦਾ ਇਹ ਪਹਿਲਾ ਅੰਕ ਤੁਹਾਡੀ ਕਚਹਿਰੀ ਵਿੱਚ ਪੇਸ਼ ਹੈ। ਉਮੀਦ ਹੈ ਇਹ ਤੁਹਾਡੀਆਂ ਆਸਾਂ 'ਤੇ ਖ਼ਰਾ ਉੱਤੇਰਗਾ। ਤੁਹਾਡੇ ਬਹੁਮੁੱਲੇ ਸੁਝਾਵਾਂ ਅਤੇ ਵਿਚਾਰਾਂ ਦਾ ਇੰਤਜ਼ਾਰ ਰਹੇਗਾ। ਧੰਨਵਾਦ ਸਹਿਤ।

ਸੰਪਾਦਕ



ਇਹ ਖੋਜਨਾਮਾ ਦੀ ਦੂਜੀ ਜਿਲਦ ਦਾ ਪਹਿਲਾ ਅੰਕ ਹੈ। ਬਤੌਰ ਸੰਪਾਦਕ ਇਹ ਗੱਲ ਸਾਂਝਾ ਕਰਦਿਆਂ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਖੋਜਨਾਮਾ ਦੀ ਪਹਿਲੀ ਜਿਲਦ ਦੇ ਦੋਹਾਂ ਅੰਕਾਂ ਕ੍ਰਮਵਾਰ ਮਈ-ਅਗਸਤ 2023 ਅਤੇ ਸਤੰਬਰ-ਦਸੰਬਰ 2023 ਨੇ ਸਾਹਿਤਕ ਅਤੇ ਖੋਜ ਖੇਤਰ ਵਿੱਚ ਆਪਣਾ ਨਾਂ ਬਣਾਉਦਿਆਂ ਉਸਾਰੂ ਚਰਚਾ ਛੇੜੀ ਹੈ। ਖੋਜਨਾਮਾ ਦੇ  ਪਹਿਲੇ ਦੋਹਾਂ ਅੰਕਾਂ ਦੀ ਸਾਹਿਤ ਪ੍ਰੇਮੀਆਂ, ਖੋਜੀਆਂ ਅਤੇ ਵਿਦਵਾਨਾਂ ਨੇ ਭਰਪੂਰ ਸ਼ਲਾਘਾ ਕੀਤੀ ਹੈ। ਹੱਥਲੇ ਅੰਕ ਨੂੰ ਤਿਆਰ ਕਰਨ ਸਮੇਂ ਖੋਜਨਾਮਾ ਦੀ ਸਮੁੱਚੀ ਟੀਮ ਨੇ ਪਹਿਲਾਂ ਨਾਲੋਂ ਵੀ ਵਧੇਰੇ ਮਿਹਨਤ, ਸਿਦਕ ਅਤੇ ਲਗਨ ਨਾਲ ਕੰਮ ਕੀਤਾ ਹੈ।

ਖੋਜਨਾਮਾ ਦਾ ਇਹ ਅੰਕ ਵੰਨਗੀ ਭਰਪੂਰ ਹੈ। ਨਿਸ਼ਚਿਤ ਹੀ ਖੋਜੀ ਅਤੇ ਸਾਹਿਤ ਰਸੀਏ ਇਸ ਅੰਕ ਦਾ ਭਰਪੂਰ ਲਾਹਾ ਲੈਣਗੇ। ਅਦਾਰਾ ਖੋਜਨਾਮਾ ਭਵਿੱਖ ਲਈ 'ਵਿਸ਼ੇਸ਼ ਅੰਕ' ਅਤੇ ਮਹੱਤਵਪੂਰਨ ਖੋਜ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਉਲੀਕੀ ਯੋਜਨਾ ਨੂੰ ਜਲਦ ਹੀ ਅਮਲੀ ਜਾਮਾ ਪਹਿਨਾਉਣ ਜਾ ਰਿਹਾ ਹੈ। ਇਸ ਲਈ ਵਿਦਵਾਨ ਸਾਥੀਆਂ ਤੋਂ 'ਵਿਸ਼ੇਸ਼ ਅੰਕਾਂ' ਅਤੇ ਹੋਰ ਮਹੱਤਵਪੂਰਨ ਅਲੋਚਨਾ ਪੁਸਤਕਾਂ ਲਈ ਕੀਤੇ ਜਾਣ ਵਾਲੇ ਕਾਰਜਾਂ ਲਈ ਸੁਝਾਵਾਂ ਦੀ ਮੰਗ ਕੀਤੀ ਜਾਂਦੀ ਹੈ। ਸਾਨੂੰ ਪੂਰਨ ਉਮੀਦ ਹੈ ਕਿ ਤੁਸੀਂ ਸਾਨੂੰ ਭਰਪੂਰ ਸਹਿਯੋਗ ਅਤੇ ਪਿਆਰ ਬਖ਼ਸ਼ੋਗੇ। ਅਦਾਰਾ ਖੋਜਨਾਮਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਖ਼ਿਦਮਤ ਕਰਦਾ ਹੋਇਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ।

ਇਸ ਅੰਕ ਵਿੱਚ ਜਿਨ੍ਹਾਂ ਵਿਦਵਾਨਾਂ, ਖੋਜੀਆਂ ਅਤੇ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਕੁੱਝ ਕਾਰਨਾਂ ਕਰਕੇ ਸ਼ਾਮਿਲ ਨਹੀਂ ਕਰ ਸਕੇ, ਉਨ੍ਹਾਂ ਤੋਂ ਨਿਮਰਤਾ ਸਾਹਿਤ ਖਿਮਾਂ ਮੰਗਦੇ ਹਾਂ।

ਖੋਜਨਾਮਾ ਦੀ ਦੂਜੀ ਜਿਲਦ ਦਾ ਇਹ ਪਹਿਲਾ ਅੰਕ ਤੁਹਾਡੀ ਕਚਹਿਰੀ ਵਿੱਚ ਪੇਸ਼ ਹੈ। ਉਮੀਦ ਹੈ ਇਹ ਤੁਹਾਡੀਆਂ ਆਸਾਂ 'ਤੇ ਖ਼ਰਾ ਉੱਤੇਰਗਾ। ਤੁਹਾਡੇ ਬਹੁਮੁੱਲੇ ਸੁਝਾਵਾਂ ਅਤੇ ਵਿਚਾਰਾਂ ਦਾ ਇੰਤਜ਼ਾਰ ਰਹੇਗਾ। ਧੰਨਵਾਦ ਸਹਿਤ।

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ